


# ਆਯੂਸ਼ਮਾਨ ਸਹਿਕਾਰ

ਸਮੁਚੀ ਸਿਹਤ ਸੰਭਾਲ ਢਾਂਚੇ, ਸਿਖਿਆ ਅਤੇ
ਸੇਵਾਂਵਾ ਲਈ ਸਹਿਕਾਰਤਾਵਾਂ ਨੂੰ ਵਿਤੀ
ਸਹਾਇਤਾ ਲਈ ਐਨ.ਸੀ.ਡੀ.ਸੀ.
ਦੀ ਯੋਜਨਾ

www.ncdc.in

# ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ

ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (ਐਨਸੀਡੀਸੀ) ਭਾਰਤ ਸਰਕਾਰ ਦੇ ਦਵਾਰਾ ਸੰਸਦ ਦੇ ਐਕਟ 1963 ਅਧੀਨ ਸਥਾਪਿਤ ਇਕ ਸਿਖਰ ਦਰਜੇ ਦੀ ਸੰਵਿਧਾਨਿਕ ਸੰਸਥਾ ਹੈ। ਇਸਦਾ ਗਠਨ ਪੈਦਾਵਾਰ, ਪ੍ਰੋਸੇਸਿੰਗ, ਖਰੀਦੋ ਫਰੋਖਤ, ਭੰਡਾਰਾਨ, ਖੇਤੀ ਉਤਪਾਦ ਦੇ ਨਿਰਯਾਤ ਅਤੇ ਅਯਾਤ, ਖੁਰਾਕ ਪੈਦਾਵਾਰ, ਉਦਯੋਗਿਕ ਵਸਤੂਆਂ, ਪਸ਼ੂਧਨ, ਕੁਝ ਦੂਜੀਆਂ ਵਸਤੂਆਂ ਤੇ ਸੇਵਾਂਵਾਂ ਜਿਵੇਂ ਹਸਪਤਾਲ, ਸਿਹਤ ਸੇਵਾ ਅਤੇ ਸਿਖਿਆ ਆਦਿ ਦੇ ਲਈ ਸਹਕਾਰਿਤਾ ਦੇ ਸਿਧਾਂਤਾਂ ਤੇ ਯੋਜਨਾਵਾਂ ਬਣਾਉਣ ਅਤੇ ਉਨ੍ਹਾ ਦੇ ਵਧਾਉਣ ਦੇ ਉਦੇਸ਼ ਨਾਲ ਕੀਤਾ ਗਿਆ ਹੈ। ਐਨਸੀਡੀਸੀ ਸਹਿਕਾਰੀ ਸਭਾਵਾਂ ਨੂੰ ਤੀਨੋਂ ਹੀ ਪਧਰ - ਪ੍ਰਾਇਮਰੀ, ਜਿਲਾ ਅਤ ਅਪੇਕ੍ਸ / ਬਹੁ ਰਾਜ, ਤੇ ਵਿਤੀ ਸਹਾਇਤਾ ਪ੍ਰਦਾਨ ਕਰਦਾ ਹੈ। ਐਨਸੀਡੀਸੀ ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੇ ਪ੍ਰਸ਼ਾਸ਼ਨਿਕ ਨਿਯੰਤਰਣ ਦੇ ਅਧੀਨ ਇਕ ਕਨੂਨੀ ਸੰਸਥਾ ਹੈ। ਐਨਸੀਡੀਸੀ ਗਾਹਕ ਸਹਿਕਾਰੀ ਸਭਾਵਾਂ ਨੂੰ ਉਤਪਾਦਾਂ ਅਤੇ ਸੇਵਾਵਾਂ ਦੀ ਵਿਸ਼ਾਲ ਸ਼੍ਰੇਣੀ ਦੇਣ ਵਾਲੇ ਵਿਤ ਪਾਵਰ ਹਾਊਸ ਦੇ ਰੂਪ ਵਿਚ ਉਭਰਿਆ ਹੈ। ਇਹ ਇਕ ਆਈ ਐਸ ਓ 9001:2015 ਪ੍ਰਮਾਣਿਤ ਸੰਗਠਨ ਹੈ। ਐਨਸੀਡੀਸੀ ਮੁਲਾਂਕਣ ਦੀ ਇੱਕ ਸਧਾਰਣ, ਪਾਰਦਰਸ਼ੀ ਅਤੇ ਮਜ਼ਬੂਤ ਪ੍ਰਣਾਲੀ ਦੀ ਪਾਲਣਾ ਕਰਦਾ ਹੈ ਇਸ ਦੇ 18 ਖੇਤਰੀ ਦਫਤਰਾਂ ਜਾਂ ਨਵੀਂ ਦਿੱਲੀ ਮੁੱਖ ਦਫ਼ਤਰ ਦੁਆਰਾ ਯੋਜਨਾਵਾਂ ਨੂੰ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਹ ਸਹਿਕਾਰੀ ਸੰਸਥਾਨਾ ਲਈ ਸਭ ਤੋਂ ਉਤਮ ਵਿੱਤੀ ਸੰਸਥਾ ਹੈ।

## ਆਯੂਸ਼ਮਾਨ ਸਹਿਕਾਰ

ਹਸਪਤਾਲ, ਸਿਹਤ ਸੰਭਾਲ ਅਤੇ ਸਿੱਖਿਆ ਨੂੰ ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ ਦੇ ਖੇਤੀਬਾੜੀ, ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ ਦੇ ਗਜ਼ਟ ਨੋਟੀਫਿਕੇਸ਼ਨ ਅਨੁਸਾਰ ਐਨਸੀਡੀਸੀ ਐਕਟ ਦੇ ਅਧੀਨ ਸੂਚਿਤ ਸੇਵਾਵਾਂ ਵਿਚ ਰਖਿਆ ਗਿਆ ਹੈ। ਐਨਸੀਡੀਸੀ ਅਧਿਸੂਚਿਤ ਸੇਵਾਵਾਂ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ।

“

ਐਨਸੀਡੀਸੀ ਦੁਆਰਾ ਕੀਤੀ ਗਈ ਸਹਾਇਤਾ ਨਾਲ ਸਹਕਾਰੀ ਸਭਾਵਾਂ ਦਵਾਰਾ ਪ੍ਰਾਇਮਰੀ,

ਸੈਕੰਡਰੀ ਅਤੇ ਤੀਜੇ ਦਰਜੇ ਦੇ ਚਲਾਏ ਜਾ ਰਹੇ ਸਿਹਤ ਸੰਭਾਲ ਸੰਸਥਾਵਾਂ

ਸਫਲਤਾਪੂਰਵਕ ਲੋਕਾਂ ਦੀ ਸੇਵਾ ਕਰ ਰਹੇ ਹਨ

”

## ਯੋਜਨਾ ਦੇ ਉਦੇਸ਼

ਮਾਨਯੋਗ ਪ੍ਰਧਾਨ ਮੰਤਰੀ ਨੇ 15 ਅਗਸਤ, 2020 ਨੂੰ ਰਾਸ਼ਟਰੀ ਡਿਜੀਟਲ ਸਿਹਤ ਮਿਸ਼ਨ ਦੀ ਸ਼ੁਰੂਆਤ ਕੀਤੀ ਹੈ। ਇਹ ਭਾਰਤ ਦੇ ਸਿਹਤ ਖੇਤਰ ਵਿੱਚ ਇੱਕ ਨਵੀਂ ਕ੍ਰਾਂਤੀ ਲਿਆਏਗਾ ਅਤੇ ਤਕਨਾਲੋਜੀ ਦੀ ਸਹਾਇਤਾ ਨਾਲ ਇਲਾਜ ਕਰਨ ਵਿਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਘਟਾਉਣ ਵਿਚ ਮਦਦ ਕਰੇਗਾ।

ਰਾਸ਼ਟਰੀ ਸਿਹਤ ਨੀਤੀ 2017 ਨੂੰ ਧਿਆਨ ਵਿਚ ਰਖਦੇ ਹੋਏ ਇਸਦੇ ਸਾਰੇ ਪਹਿਲੂਆਂ ਵਿੱਚ ਪ੍ਰਣਾਲੀਆਂ ਨੂੰ ਆਕਾਰ ਦੇਣ ਦੇ ਉਦੇਸ਼ ਨਾਲ ਸਿਹਤ ਖੇਤਰ ਵਿੱਚ ਨਿਵੇਸ਼, ਸਿਹਤ ਸੇਵਾਵਾਂ ਦਾ ਸੰਗਠਨ ਵੱਖ-ਵੱਖ ਖੇਤਰਾਂ ਦੀਆਂ ਕਿਰਿਆਵਾਂ ਦੁਆਰਾ ਬਿਮਾਰੀਆਂ ਦੀ ਰੋਕਥਾਮ ਅਤੇ ਚੰਗੀ ਸਿਹਤ ਨੂੰ ਉਤਸ਼ਾਹਿਤ ਕਰਨਾ, ਤਕਨਾਲੋਜੀਆਂ ਤਕ ਪਹੁੰਚ, ਮਨੁੱਖੀ ਸਰੋਤਾਂ ਦਾ ਵਿਕਾਸ, ਮੈਡੀਕਲ ਬਹੁਲਵਾਦ ਨੂੰ ਉਤਸ਼ਾਹਤ ਕਰਨਾ, ਗਿਆਨ ਦਾ ਅਧਾਰ ਤਿਆਰ ਕਰਨਾ, ਬਿਹਤਰ ਵਿੱਤੀ ਸੁਰੱਖਿਆ ਰਣਨੀਤੀ ਵਿਕਸਤ ਕਰਨਾ, ਨਿਯਮ ਅਤੇ ਸਿਹਤ ਬੀਮਾ ਨੂੰ ਮਜ਼ਬੂਤ ਕਰਨਾ ਅਤੇ ਸਾਰਿਆਂ ਨੂੰ ਕਿਫਾਇਤੀ ਸਿਹਤ ਸੰਭਾਲ ਮੁਹੱਈਆ ਕਰਵਾਉਣ ਲਈ ਇੱਕ ਵਿਆਪਕ ਦ੍ਰਿਸਟੀਕੌਂਨ ਦੀ ਜਰੂਰਤ ਹੈ - ਹਸਪਤਾਲ, ਸਿਹਤ ਦੇਖਭਾਲ, ਡਾਕਟਰੀ ਸਿੱਖਿਆ, ਨਰਸਿੰਗ ਸਿੱਖਿਆ, ਪੈਰਾਮੈਡੀਕਲ ਸਿੱਖਿਆ, ਸਿਹਤ ਬੀਮਾ ਅਤੇ ਸਮੁੱਚੀ ਸਿਹਤ ਪ੍ਰਣਾਲੀ ਜਿਵੇਂ ਕਿ ਆਯੂਸ਼ ਦੇ ਨਾਲ ਏਕੀਕ੍ਰਿਤ ਹੈ। ਇਹ ਦੇਖਿਆ ਜਾਂਦਾ ਹੈ ਕਿ ਕਰਜਾ ਸਹੂਲਤਾਂ ਦੀ ਘਾਟ ਕਾਰਨ, ਬਹੁਤ ਸਾਰੇ ਸਹਿਕਾਰੀ ਹਸਪਤਾਲਾਂ ਨੂੰ ਮੈਡੀਕਲ ਸਿੱਖਿਆ ਦੇ ਨਵੇਂ ਪਹਿਲੂਆਂ ਨੂੰ ਸ਼ੁਰੂ ਕਰਨ ਵਿੱਚ ਮੁਸ਼ਕਿਲ ਹੁੰਦੀ ਹੈ ਜਿਸ ਵਿਚ ਐਮਬੀਬੀਐਸ, ਬੀਡੀਐਸ, ਬੀਏਐਮਐਸ, ਬੀਐਚਐਮਐਸ, ਬੀਪੀਟੀ ਅਤੇ ਬੀਯੂਐਮਐਸ ਦੇ ਨਾਲ ਨਾਲ ਪੀਜੀ / ਡੀਐਨਬੀ ਪ੍ਰੋਗਰਾਮ ਵੀ ਸ਼ਾਮਿਲ ਹਨ। ਇਸੇ ਲਈ ਐਨਸੀਡੀਸੀ ਨੇ ਇਹ ਆਯੁਸ਼ਮਾਨ ਸਹਿਕਾਰ ਸਕੀਮ ਪੇਸ਼ ਕੀਤੀ ਹੈ ਅਤੇ ਇਸ ਦੇ ਉਦੇਸ਼ ਹੇਠ ਲਿਖੇ ਹਨ:

1. ਸਹਿਕਾਰੀ ਸਭਾਵਾਂ ਦੁਆਰਾ ਹਸਪਤਾਲਾਂ / ਸਿਹਤ ਸੇਵਾ / ਸਿੱਖਿਆ ਸਹੂਲਤਾਂ ਰਾਹੀਂ ਕਿਫਾਇਤੀ ਅਤੇ ਸਮੂਚੀ ਸਿਹਤ ਸੰਭਾਲ ਦੀ ਵਿਵਸਥਾ ਵਿੱਚ ਸਹਾਇਤਾ ਕਰਨਾ
2. ਸਹਿਕਾਰੀ ਸਭਾਵਾਂ ਦੁਆਰਾ ਆਯੁਸ਼ ਸਹੂਲਤਾਂ ਦੇ ਪ੍ਰਚਾਰ ਲਈ ਸਹਾਇਤਾ ਕਰਨਾ
3. ਸਹਿਕਾਰੀ ਸਭਾਵਾਂ ਨੂੰ ਰਾਸ਼ਟਰੀ ਸਿਹਤ ਨੀਤੀ ਦੇ ਉਦੇਸ਼ਾਂ ਦੀ ਪੂਰਤੀ ਲਈ ਸਹਾਇਤਾ ਕਰਨਾ
4. ਸਹਿਕਾਰੀ ਸਭਾਵਾਂ ਨੂੰ ਰਾਸ਼ਟਰੀ ਡਿਜੀਟਲ ਸਿਹਤ ਮਿਸ਼ਨ ਵਿੱਚ ਹਿੱਸਾ ਲੈਣ ਲਈ ਸਹਾਇਤਾ ਕਰਨਾ
5. ਸਹਿਕਾਰੀ ਸਭਾਵਾਂ ਦੀ ਸਹਾਇਤਾ ਲਈ ਸਿੱਖਿਆ, ਸੇਵਾਵਾਂ, ਬੀਮਾ ਅਤੇ ਸਬੰਧਤ ਗਤੀਵਿਧੀਆਂ ਨੂੰ ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨਾ

"ਰਾਸ਼ਟਰੀ ਸਿਹਤ ਨੀਤੀ ਇਕ ਸਿਹਤਮੰਦ ਭਾਰਤ ਬਣਾਉਣ ਦੀ ਸਾਡੀ ਕੋਸ਼ਿਸ਼ ਵਿਚ ਇਕ ਇਤਿਹਾਸਕ ਪਲ ਦੀ ਨਿਸ਼ਾਨਦੇਹੀ ਕਰਦੀ ਹੈ ਜਿਥੇ ਹਰ ਇਕ ਨੂੰ ਮਿਆਰੀ ਸਿਹਤ ਦੇਖਭਾਲ ਦੀ ਪਹੁੰਚ ਹੁੰਦੀ ਹੈ"।

ਸ਼੍ਰੀ ਨਰੇਂਦਰ ਮੋਦੀ, ਮਾਨਯੋਗ ਪ੍ਰਧਾਨ ਮੰਤਰੀ

## ਆਯੁਸ਼ਮਾਨ ਸਹਿਕਾਰ ਯੋਜਨਾ ਅਧੀਨ ਸ਼ਾਮਿਲ ਕੀਤੀਆਂ ਗਤੀਵਿਧੀਆਂ

I. ਬੁਨਿਆਦੀ ਢਾਂਚਾ : ਹਸਪਤਾਲ ਦੇ ਨਿਰਮਾਣ, ਆਧੁਨਿਕੀਕਰਨ, ਵਿਸਥਾਰ, ਮੁਰੰਮਤ, ਸਿਹਤ ਸੇਵਾ ਅਤੇ ਸਿੱਖਿਆ ਦੇ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਲਈ ਹੇਠ ਲਿਖਿਆ ਨੂੰ ਸ਼ਾਮਿਲ ਕਰਦੇ ਹੋਏ :

**i)** ਹਰ ਕਿਸਮ ਦੇ ਬੁਨਿਆਦੀ ਢਾਂਚੇ ਲਈ:

1. ਹਸਪਤਾਲ ਜਾਂ ਮੈਡੀਕਲ / ਆਯੂਸ਼ / ਡੈਂਟਲ / ਨਰਸਿੰਗ / ਫਾਰਮੇਸੀ / ਪੈਰਾ ਮੈਡੀਕਲ / ਫਿਜ਼ੀਓਥੈਰੇਪੀ ਕਾਲਜ ਵਿਚ ਯੂਜੀ ਅਤੇ ਜਾਂ / ਪੀਜੀ ਪ੍ਰੋਗਰਾਮ ਚਲਾਉਣ ਲਈ
2. ਯੋਗਾ ਕਲਿਆਨ ਕੇਂਦਰ
3. ਆਯੁਰਵੇਦ, ਐਲੋਪੈਥੀ, ਯੂਨਾਨੀ, ਸਿੱਧ, ਹੋਮੀਓਪੈਥੀ ਹੋਰ ਰਵਾਇਤੀ ਦਵਾਈ ਸਿਹਤ ਸੰਭਾਲ ਕੇਂਦਰ
4. ਬਜ਼ੁਰਗਾਂ ਲਈ ਸਿਹਤ ਸੰਭਾਲ ਸੇਵਾਵਾਂ
5. ਉਪਚਾਰੀ ਸੰਭਾਲ ਸੇਵਾਵਾਂ
6. ਅਪਾਹਜ ਵਿਅਕਤੀਆਂ ਲਈ ਸਿਹਤ ਸੰਭਾਲ ਸੇਵਾਵਾਂ
7. ਮਾਨਸਿਕ ਸਿਹਤ ਸੇਵਾਵਾਂ
8. ਐਮਰਜੈਂਸੀ ਮੈਡੀਕਲ ਸੇਵਾਵਾਂ / ਟਰਾਮਾ ਸੈਂਟਰ
9. ਫਿਜ਼ੀਓਥੈਰਾਪੀ ਸੈਂਟਰ
10. ਮੋਬਾਈਲ ਕਲੀਨਿਕ ਸੇਵਾਵਾਂ
11. ਹੈਲਥ ਕਲੱਬ ਅਤੇ ਜਿਮ
12. ਆਯੂਸ਼ ਔਸ਼ਧੀ ਨਿਰਮਾਣ
13. ਦਵਾਈ ਟੈਸਟਿੰਗ ਲੈਬਾਰਟਰੀ
14. ਦੰਦਾਂ ਦੀ ਦੇਖਭਾਲ ਦਾ ਕੇਂਦਰ
15. ਅੱਖਾਂ ਦੀ ਦੇਖਭਾਲ ਦਾ ਕੇਂਦਰ
16. ਪ੍ਰਯੋਗਸ਼ਾਲਾ ਸੇਵਾਵਾਂ
17. ਡਾਇਗਨੋਸਟਿਕਸ ਸੇਵਾਵਾਂ
18. ਬਲੱਡ ਬੈਂਕ / ਖੂਨਦਾਨ ਸੇਵਾਵਾਂ
19. ਪੰਚਕਰਮਾ / ਥੋਕਕਨਮ / ਕੇਸਰ ਸੂਤਰ ਥੈਰੇਪੀ ਸੈਂਟਰ
20. ਯੂਨੀਨੀ (ਇਲਾਜ ਬਿਲ ਤਦਬੀਰ) ਕੇਂਦਰ ਦੀ ਰੈਜੀਮੈਂਟਲ ਥੈਰੇਪੀ
21. ਔਰਤ ਸਿਹਤ ਅਤੇ ਬਾਲ ਸੰਭਾਲ ਸੇਵਾਵਾਂ
22. ਪ੍ਰਜਨਨ ਅਤੇ ਬਾਲ ਸਿਹਤ ਸੇਵਾਵਾਂ
23. ਕੋਈ ਵੀ ਹੋਰ ਸਬੰਧਤ ਸੈਂਟਰ ਜਾਂ ਸੇਵਾਵਾਂ ਨੂੰ ਐਨ.ਸੀ.ਡੀ.ਸੀ. ਦਵਾਰਾ ਮਦਦ ਦੇ ਲਈ ਉਪਯੁਕਤ ਮਨਿਆ ਜਾ ਸਕਦਾ ਹੈ

**ii)** ਟੈਲੀਮੇਡੀਸਨ ਅਤੇ ਰਿਮੋਟ ਸਹਾਇਤਾ ਵਾਲੀਆਂ ਡਾਕਟਰੀ ਪ੍ਰਕਿਰਿਆਵਾਂ,

**iii)** ਲੌਜਿਸਟਿਕਸ ਸਿਹਤ, ਸਿਹਤ ਸੰਭਾਲ ਅਤੇ ਸਿੱਖਿਆ,

**iv)** ਡਿਜੀਟਲ ਸਿਹਤ ਨਾਲ ਸਬੰਧਤ ਜਾਣਕਾਰੀ ਅਤੇ ਸੰਚਾਰ ਟੈਕਨੋਲੋਜੀ,

**v)** ਬੀਮਾ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ (ਆਈਆਰਡੀਏ) ਦੁਆਰਾ ਪ੍ਰਵਾਨਿਤ ਸਿਹਤ ਬੀਮਾ



II. ਉਪਰੋਕਤ ਪੈਰਾ i ਵਿਚ ਲਿਖੇ ਸਬੰਧ ਵਿਚ ਰੋਜ਼ਮਰ੍ਹਾ ਦੇ ਸੰਚਾਲਨ ਲਈ ਲੋੜੀਂਦੀ ਕਾਰਜਸ਼ੀਲ ਪੂੰਜੀ (ਵਰਕਿੰਗ ਕੈਪਿਟਲ) ਲੈਣ ਲਈ ਹਾਸ਼ੀਆ ਰਾਸ਼ੀ (ਮਾਰਜਿਨ ਮਨੀ)

III. ਰੋਜ਼ਮਰ੍ਹਾ ਦੇ ਕੰਮਕਾਜ ਲਈ ਕਾਰਜਸ਼ੀਲ ਪੂੰਜੀ (ਵਰਕਿੰਗ ਕੈਪਿਟਲ)

## ਪਾਤਰਤਾ (Eligibility)

ਕੋਈ ਵੀ ਸਹਿਕਾਰੀ ਸਭਾ ਜੋ ਦੇਸ਼ ਵਿਚ ਕਿਸੇ ਵੀ ਸਟੇਟ / ਮਲਟੀ ਸਟੇਟ ਸਹਿਕਾਰੀ ਸਭਾਵਾਂ ਐਕਟ ਅਧੀਨ ਰਜਿਸਟਰਡ ਹੋਵੇ ਤੇ ਜਿਸਦੇ ਬਾਈਲਾਜ਼ ਵਿਚ ਸਿਹਤ ਸੇਵਾ / ਹਸਪਤਾਲ / ਸਿਹਤ ਸਿੱਖਿਆ ਨਾਲ ਸਬੰਧਿਤ ਗਤਿਵਿਧਿਆਂ ਸ਼ੁਰੂ ਕਰਨ ਦੀ ਢੁਕਵੀਂ ਤਜਵੀਜ ਮੌਜੂਦ ਹੋਵੇ ਓਹ ਵਿਤੀ ਸਹਾਇਤਾ ਪ੍ਰਾਪਤ ਕਰਨ ਯੋਗ ਹੋਵੇਗੀ ਬਸ਼ਰਤੇ ਓਹ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੀ ਹੋਵੇ।

ਐਨਸੀਡੀਸੀ ਸਹਾਇਤਾ ਜਾਂ ਤਾਂ ਰਾਜ ਸਰਕਾਰਾਂ / ਕੇਂਦਰ ਸ਼ਾਸਤ ਪ੍ਰਦੇਸ਼ ਪ੍ਰਸਾਸਨ ਰਾਹੀਂ ਪ੍ਰਦਾਨ ਕੀਤੀ ਜਾਏਗੀ ਜਾਂ ਸਿੱਧੇ ਹੀ ਸਹਿਕਾਰੀ ਸੰਸਥਾ ਨੂੰ ਜੋ ਨਿਗਮ ਦੀ ਡਾਇਰੈਕਟ ਫੰਡਿੰਗ ਸਕੀਮ ਦੇ ਦਿਸ਼ਾ ਨਿਰਦੇਸਾਂ ਦੀ ਪੂਰਤੀ ਕਰਦੀ ਹੋਵੇ, ਦਿਤੀ ਜਾਵੇਗੀ।

ਐਨਸੀਡੀਸੀ ਦੀਆਂ ਸਕੀਮਾਂ ਨੂੰ ਭਾਰਤ ਸਰਕਾਰ / ਰਾਜ ਸਰਕਾਰ / ਹੋਰ ਫੰਡਿੰਗ ਏਜੰਸੀ ਦੀਆਂ ਹੋਰ ਯੋਜਨਾਵਾਂ ਜਾਂ ਪ੍ਰੋਗਰਾਮਾਂ ਨਾਲ ਗਠਜੋੜ (dovetail) ਕਰਨ ਦੀ ਇਜਾਜ਼ਤ ਹੈ।

## ਪ੍ਰੋਜੈਕਟ ਦੀ ਲਾਗਤ

ਅਸਲ ਲੋੜ ਅਨੁਸਾਰ

## ਕਰਜ਼ੇ ਦੀ ਸਮਾਂ ਸੀਮਾ

ਕਰਜੇ ਦੀ ਮਿਆਦ 8 ਸਾਲਾਂ ਲਈ ਹੋਵੇਗੀ, ਜਿਸ ਵਿਚ ਕਰਜ਼ੇ ਦੀ ਮੂਲ ਰਾਸੀ ਦੀ ਮੁੜ ਅਦਾਇਗੀ ਲਈ 1-2 ਸਾਲ ਦੀ ਕਨੂਨੀ ਮੋਹਲਤ (Moratorium) ਵੀ ਸ਼ਾਮਲ ਹੈ ਜੋ ਕਿ ਪ੍ਰੋਜੈਕਟ ਦੀ ਕਿਸਮ ਅਤੇ ਇਸ ਦੀ ਆਮਦਨੀ ਪੈਦਾ ਕਰਨ ਦੀ ਯੋਗਤਾ ਤੇ ਨਿਰਭਰ ਹੋਵੇਗੀ।

## ਵਿਆਜ ਦੀ ਦਰ

ਐਨਸੀਡੀਸੀ ਦੇ ਵਿਆਜ ਦਰ ਸਰਕੂਲਰ ਅਨੁਸਾਰ ਜੋ ਕਿ ਸਮੇਂ ਸਮੇਂ ਤੇ ਸੋਧਿਆ ਜਾਂਦਾ ਹੈ, ਪ੍ਰੇਰਕ ਵਜੋਂ, ਐਨ.ਸੀ.ਡੀ.ਸੀ. ਇਸ ਸਕੀਮ ਅਧੀਨ ਕਰਜ਼ੇ ਲਈ ਵਿਆਜ ਦੀ ਆਪਣੀ ਲਾਗੂ ਦਰ ਤੋਂ 1% ਘਟ ਵਿਆਜ ਲਵੇਗੀ ਜੇਕਰ ਕਰਜੇ ਦੀ ਪੂਰੀ ਮਿਆਦ ਦੇ ਦੌਰਾਨ ਕਰਜਾ ਲੈਣ ਵਾਲੀ ਸਹਿਕਾਰੀ ਸਭਾ ਵਿਚ ਔਰਤ ਮੈਬਰਾਂ ਦੀ ਗਿਣਤੀ ਜਿਆਦਾ ਹੋਵੇ ਅਤੇ ਕਰਜ਼ੇ ਦੀ ਸਮੇਂ ਸਿਰ ਅਦਾਇਗੀ ਕੀਤੀ ਜਾਂਦੀ ਹੈ।

## ਜਮਾਨਤ (ਸੁਰੱਖਿਆ)

ਐਨਸੀਡੀਸੀ ਸਹਾਇਤਾ ਰਾਜ ਸਰਕਾਰ ਰਾਹੀਂ ਜਾਂ ਨਿਗਮ ਦੁਆਰਾ ਸਿਧੇ ਤੌਰ ਤੇ ਨਿਗਮ ਦੀ ਸਿੱਧੀ ਫੰਡਿੰਗ (direct funding) ਸਕੀਮ ਦੇ ਤਹਿਤ ਪ੍ਰਦਾਨ ਕੀਤੀ ਜਾਂਦੀ ਹੈ। ਸਿੱਧੇ ਫੰਡ ਦੇਣ ਦੇ ਮਾਮਲੇ ਵਿਚ ਸਹਿਕਾਰੀ ਸਭਾ ਐਨਸੀਡੀਸੀ ਦੀ ਸੰਤੁਸ਼ਟੀ ਲਈ ਹੇਠ ਲਿਖਿਆਂ ਵਿਚੋਂ ਕਿਸੀ ਇਕ ਜਾਂ ਸੁਮੇਲ (combination) ਨਾਲ ਕਰਜ਼ੇ ਲਈ ਜਮਾਨਤ (ਸਿਕਓਰਟੀ) ਦੇ ਤੌਰ ਤੇ ਪੇਸ਼ਕਸ਼ ਕਰ ਸਕਦੀ ਹੈ:

1. ਪ੍ਰੋਜੈਕਟ ਅਧੀਨ ਬਣੀਆਂ ਜਾਇਦਾਦਾਂ ਸਮੇਤ ਸੰਪਤੀਆਂ ਦਾ ਗਿਰਵੀਨਾਮਾ, ਐਨਸੀਡੀਸੀ ਕਰਜ਼ੇ ਦੇ 1.5 ਗੁਣਾ ਦੀ ਹੱਦ ਤੱਕ
2. ਰਾਜ / ਕੇਂਦਰ ਸਰਕਾਰ ਦੁਆਰਾ ਗਰੰਟੀ;
3. ਐਨਸੀਡੀਸੀ ਕਰਜ਼ੇ ਦਾ 1.2 ਗੁਣਾ ਦੀ ਹੱਦ ਤੱਕ ਅਨੁਸੂਚਿਤ ਬੈਂਕਾਂ / ਰਾਸ਼ਟਰੀਕਰਣ ਬੈਂਕਾਂ ਦੀਆਂ ਐਫ ਡੀ ਆਰ ਗਿਰਵੀ ਰਖ ਸਕਦੀ ਹੈ
4. ਕੇਂਦਰੀ ਜਨਤਕ ਖੇਤਰ ਅਦਾਰੇ PSUs / ਵਿਧਾਨਿਕ ਸੰਸਥਾਵਾਂ / ਕੇਂਦਰੀ ਜਨਤਕ ਖੇਤਰ ਅਦਾਰੇ ਦੀ CSR ਫਾਊਂਡੇਸ਼ਨ ਦੁਆਰਾ ਗਰੰਟੀ;
5. ਅਨੁਸੂਚਿਤ ਬੈਂਕਾਂ / ਰਾਸ਼ਟਰੀਕਰਣ ਬੈਂਕਾਂ ਤੋਂ ਗਰੰਟੀ;
6. ਐਨਸੀਡੀਸੀ ਕਰਜ਼ੇ ਦੇ 1.2 ਗੁਣਾ ਦੀ ਹੱਦ ਤੱਕ ਤੱਕ ਸਰਕਾਰੀ ਬਾਂਡ / securities ਦੀ ਸਪੁਰਦਗੀ ਅਤੇ ਨਿਗਮ ਦੇ ਹਕ ਵਿਚ ਗਿਰਵੀ ਰਖਣਾ

## ਅਨੁਦਾਨ (ਸਬਸਿਡੀ)

ਐਨਸੀਡੀਸੀ ਕਰਜ਼ਾ ਸਹਾਇਤਾ ਨੂੰ ਸਬਸਿਡੀ / ਗ੍ਰਾਂਟ / ਵੀਜੀਐਫ / ਭਾਰਤ ਸਰਕਾਰ ਜਾਂ ਰਾਜ ਸਰਕਾਰ ਦੇ ਕਿਸੀ ਹੋਰ ਵਿਧੀ ਜਾਂ ਕਿਸੇ ਹੋਰ ਫੰਡਿੰਗ ਏਜੰਸੀ ਦੇ ਨਾਲ dovetail ਕਰਨ ਦੀ ਤਜਵੀਜ਼ ਹੈ।

## ਧੰਨ ਮੁਹਇਆ ਕਰਨ ਦੀ ਵਿਧੀ (ਫੰਡਿੰਗ ਪੈਟਰਨ)

ਪ੍ਰੋਜੈਕਟਾਂ ਲਈ ਹੇਠ ਦਿੱਤੇ ਫੰਡਿੰਗ ਪੈਟਰਨ ਨਾਲ ਸਹਾਇਤਾ ਦਿਤੀ ਜਾਏਗੀ :

## ਬੁਨਿਆਦੀ ਢਾਂਚਾ ਨਿਰਮਾਣ (ਪ੍ਰਾਜੈਕਟ ਸਹੂਲਤਾਂ)

| ਰਾਜ ਸਰਕਾਰ ਦੇ ਦੁਆਰਾ ਫੰਡਿੰਗ | | ਸਿੱਧੀ ਫੰਡਿੰਗ |
|---|---|---|
| **ਐਨ.ਸੀ.ਡੀ.ਸੀ.ਤੋਂ ਰਾਜ ਸਰਕਾਰ ਨੂੰ** | **ਰਾਜ ਸਰਕਾਰ ਤੋਂ ਸਭਾ ਨੂੰ** | **ਐਨ.ਸੀ.ਡੀ.ਸੀ.ਤੋਂ ਰਾਜ ਸਰਕਾਰ ਨੂੰ** |
| ਲੋਨ * : 90% | ਲੋਨ * : 50%<br>ਸ਼ੇਅਰ ਕੈਪਿਟਲ ** : 40% | ਲੋਨ * : 70% |
| ਸਭਾ ਦਾ ਹਿਸਾ : 10% | ਸਭਾ ਦਾ ਹਿਸਾ : 10% | ਸਭਾ ਦਾ ਹਿਸਾ : 30% |

* ਜੇਕਰ ਸਬਸਿਡੀ / ਗ੍ਰਾਂਟ ਨੂੰ ਭਾਰਤ ਸਰਕਾਰ ਜਾਂ ਰਾਜ ਸਰਕਾਰ ਜਾਂ ਕੋਈ ਹੋਰ ਫੰਡਿੰਗ ਏਜੰਸੀ ਦੀ ਕਿਸੇ ਵੀ ਸਕੀਮ ਦੇ ਨਾਲ **dovetail** ਕੀਤਾ ਗਿਆ ਹੈ ਤਾਂ ਕਰਜ਼ੇ ਦੀ ਰਕਮ ਅਨੁਪਾਤ ਅਨੁਸਾਰ ਘੱਟ ਹੋ ਸਕਦੀ ਹੈ।

** ਜੇ ਰਾਜ ਸਰਕਾਰ ਦੁਆਰਾ ਸ਼ੇਅਰ ਪੂੰਜੀ ਦਾ ਯੋਗਦਾਨ ਨਹੀਂ ਪਾਇਆ ਜਾਂਦਾ, ਤਾਂ ਉਸਨੂੰ (40%) ਵੀ ਕਰਜ਼ੇ ਦੇ ਰੂਪ ਵਿਚ ਸੁਸਾਇਟੀ ਨੂੰ ਦਿਤਾ ਜਾਵੇਗਾ।

## ਹਾਸ਼ੀਏ ਦੀ ਰਾਸ਼ੀ (ਮਾਰਜਿਨ ਮਨੀ)

| ਰਾਜ ਸਰਕਾਰ ਦੇ ਦੁਆਰਾ ਫੰਡਿੰਗ | | ਸਿੱਧੀ ਫੰਡਿੰਗ |
|---|---|---|
| **ਐਨ.ਸੀ.ਡੀ.ਸੀ.ਤੋਂ ਰਾਜ ਸਰਕਾਰ ਨੂੰ** | **ਰਾਜ ਸਰਕਾਰ ਤੋਂ ਸਭਾ ਨੂੰ** | **ਐਨ.ਸੀ.ਡੀ.ਸੀ.ਤੋਂ ਰਾਜ ਸਰਕਾਰ ਨੂੰ** |
| ਬੈਂਕ ਕ੍ਰੇਡਿਟ ਲੈਣ ਲਈ ਕਰਜਾ * : 100% *** | ਲੋਨ * ਜਾਂ ਸ਼ੇਅਰ ਕੈਪਿਟਲ ਜਾਂ ਲੋਨ ਤੇ ਸ਼ੇਅਰ ਕੈਪਿਟਲ :100% *** | ਬੈਂਕ ਕ੍ਰੇਡਿਟ ਲੈਣ ਲਈ ਕਰਜਾ * : 100% *** |

* ਜੇਕਰ ਸਬਸਿਡੀ / ਗ੍ਰਾਂਟ ਨੂੰ ਭਾਰਤ ਸਰਕਾਰ ਜਾਂ ਰਾਜ ਸਰਕਾਰ ਜਾਂ ਕੋਈ ਹੋਰ ਫੰਡਿੰਗ ਏਜੰਸੀ ਦੀ ਕਿਸੇ ਵੀ ਸਕੀਮ ਦੇ ਨਾਲ **dovetail** ਕੀਤਾ ਗਿਆ ਹੈ ਤਾਂ ਕਰਜ਼ੇ ਦੀ ਰਕਮ ਅਨੁਪਾਤ ਅਨੁਸਾਰ ਘੱਟ ਹੋ ਸਕਦੀ ਹੈ

*** ਮਾਰਜਨ ਮਨੀ ਸਹਾਇਤਾ ਦੀ ਯੋਗਤਾ ਮੁਲਾਂਕਣ ਸ਼ਰਤ ਤੇ ਹੈ.

## ਕਾਰਜਕਾਰੀ ਪੂੰਜੀ ( ਸ਼ੇਅਰ ਕੈਪਿਟਲ )

| ਰਾਜ ਸਰਕਾਰ ਦੇ ਦੁਆਰਾ ਫੰਡਿੰਗ | | ਸਿੱਧੀ ਫੰਡਿੰਗ |
|---|---|---|
| **ਐਨ.ਸੀ.ਡੀ.ਸੀ.ਤੋਂ ਰਾਜ ਸਰਕਾਰ ਨੂੰ** | **ਰਾਜ ਸਰਕਾਰ ਤੋਂ ਸਭਾ ਨੂੰ** | **ਐਨ.ਸੀ.ਡੀ.ਸੀ.ਤੋਂ ਰਾਜ ਸਰਕਾਰ ਨੂੰ** |
| ਲੋੜ ਅਨੁਸਾਰ ਕਰਜਾ | ਕਰਜਾ | ਕਰਜਾ |

## ਨਿਸ਼ਚਿਤ ਮੁਸ਼ਕਤ (Due Diligence)

ਐਨ.ਸੀ.ਡੀ.ਸੀ. ਕਿਸੇ ਵੀ ਪ੍ਰਾਜੈਕਟ ਨੂੰ ਮਨਜ਼ੂਰ ਕਰਨ ਤੋਂ ਪਹਿਲਾਂ ਨਿਸ਼ਚਿਤ ਮੁਸ਼ਕਤ ਨਾਲ ਆਪਣੀ ਮਿਆਰੀ ਪ੍ਰਥਾ ਅਨੁਸਾਰ ਮੁਲਾਂਕਣ (appraisal) ਕਰੇਗੀ l

ਐਨਸੀਡੀਸੀ ਦੀਆਂ ਹੋਰ ਸਕੀਮਾਂ ਤੇ ਫੰਡਿੰਗ ਪੈਟਰਨ, NCDC ਫੰਡ ਪ੍ਰਾਪਤ ਕਰਨ ਲਈ ਨਿਯਮ ਤੇ ਮਾਪਦੰਡ, ਅਰਜ਼ੀ ਫਾਰਮ ਆਦਿ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਐੱਨ.ਸੀ.ਡੀ.ਸੀ ਦੀ ਵੇਬਸਾਇਟ www.ncdc.in ਜਾਂ ਐੱਨ.ਸੀ.ਡੀ.ਸੀ ਦੇ ਖੇਤਰੀ ਦਫਤਰਾਂ / ਮੁੱਖ ਦਫਤਰ ਨਾਲ ਵੈੱਬਸਾਈਟ 'ਤੇ ਉਪਲਬਧ ਫੋਨ ਨੰਬਰ, email ID ਅਤੇ ਪਤੇ ਤੇ ਸੰਪਰਕ ਕੀਤਾ ਜਾ ਸਕਦਾ ਹੈ l



# ਆਯੂਸ਼ਮਾਨ ਸਹਿਕਾਰ


ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ
(ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ
ਮੰਤਰਾਲੇ ਦੇ ਅਧੀਨ ਕਾਨੂੰਨੀ ਨਿਗਮ )
4, ਸਿਰੀ ਇੰਸਟੀਚੁਸ਼ਨਲ ਏਰੀਆ,
ਹੌਜ਼ ਖਾਸ,
ਨਵੀਂ ਦਿੱਲੀ 110016